# ਦਫ਼ਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ

## (ਫੁਟਕਲ ਸ਼ਾਖਾ)

ਹੁਕਮ ਨੰ:405/ਫਸ

ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਫਰੀਦਕੋਟ ਵੱਲੋਂ ਬੇਨਤੀ ਕੀਤੀ ਗਈ ਕਿ ਆਬਕਾਰੀ ਵਿਭਾਗ ਦੇ ਉਚ ਅਧਿਕਾਰੀਆਂ ਵੱਲੋਂ ਠੇਕਿਆਂ ਤੇ ਪਏ ਸਾਲ 2019-2020 ਦੇ ਸ਼ਰਾਬ ਦੇ ਸਟਾਕ ਦੀ ਗਿਣਤੀ ਕਰਕੇ ਰਿਪੋਰਟ ਭੇਜਣ ਲਈ ਆਦੇਸ਼ ਦਿੱਤੇ ਗਏ ਹਨ। ਇਸ ਲਈ ਉਹਨਾਂ ਨੂੰ ਕਰਫਿਊ/ਲੌਕਡਾਊਨ ਦੌਰਾਨ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਹੇਠ ਲਿਖੇ ਠੇਕੇ ਖੁਲਵਾ ਕੇ ਸਟਾਕ ਦੀ ਗਿਣਤੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਫਰੀਦਕੋਟ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਉਹਨਾਂ ਨੂੰ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਹੇਠ ਲਿਖੇ ਠੇਕਿਆਂ ਦੇ ਸ਼ਰਾਬ ਦੇ ਸਟਾਕ ਦੀ ਗਿਣਤੀ ਕਰਨ ਲਈ ਮਿਤੀ 04-05-2020 ਤੋਂ ਮਿਤੀ 06-05-2020 ਤੱਕ ਹੇਠ ਲਿਖੇ ਅਨੁਸਾਰ ਜੋਨ ਵਾਈਜ ਪ੍ਰਵਾਨਗੀ ਦਿੱਤੀ ਜਾਂਦੀ ਹੈ :-

**ਮਿਤੀ 04-05-2020**

| |
|---|
| **ਫਰੀਦਕੋਟ ਜੋਨ-1,4,6,7** ਸਾਦਿਕ |

**ਮਿਤੀ 05-05-2020**

| |
|---|
| **ਕੋਟਕਪੂਰਾ ਜੋਨ-1,2,3,7** |

**ਮਿਤੀ 06-05-2020**

| |
|---|
| **ਜੈਤੋ ਜੋਨ- 1,2,3** |

ਜ਼ਿਲ੍ਹਾ ਮੈਜਿਸਟਰੇਟ ਫਰੀਦਕੋਟ

**ਸ਼ਰਾਬ ਦੇ ਸਟਾਕ ਦੀ ਗਿਣਤੀ ਕਰਨ ਸਮੇਂ ਠੇਕਿਆਂ ਦੇ ਸ਼ਟਰ ਬੰਦ ਰੱਖੇ ਜਾਣਗੇ**। ਇਸ ਦਫ਼ਤਰ ਵੱਲੋਂ ਜਾਰੀ ਹੁਕਮਾਂ ਅਤੇ ਭਾਰਤ ਸਰਕਾਰ, ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇਗੀ ਅਤੇ ਸ਼ਰਾਬ ਦੇ ਸਟਾਕ ਦੀ ਗਿਣਤੀ ਕਰਦੇ ਸਮੇਂ ਸਮਾਜਿਕ ਦੂਰੀ ਬਣਾ ਕੇ ਰੱਖੀ ਜਾਵੇਗੀ। ਇਸ ਤੋਂ ਇਲਾਵਾ ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਸਟਾਕ ਦੀ ਗਿਣਤੀ ਕਰਦੇ ਸਮੇਂ ਠੇਕਿਆਂ ਦੇ ਆਸ ਪਾਸ ਜਿਆਦਾ ਵਿਅਕਤੀ ਇੱਕਠੇ ਨਾ ਹੋਣ।

ਇਸ ਤੋਂ ਇਲਾਵਾ ਸਟਾਕ/ਸ਼ਰਾਬ ਦੀ ਗਿਣਤੀ ਦੌਰਾਨ ਕਿਸੇ ਵਿਅਕਤੀ ਨੂੰ ਸ਼ਰਾਬ ਸਪਲਾਈ ਕਰਨ ਜਾਂ ਹਦਾਇਤਾਂ ਦੀ ਉਲੰਘਣਾ ਦੀ ਕੋਈ ਸ਼ਿਕਾਇਤ ਇਸ ਦਫ਼ਤਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਦਿੱਤੀ ਹੋਈ ਪ੍ਰਵਾਨਗੀ ਬਿਨ੍ਹਾਂ ਕਿਸੇ ਅਗਾਉਂ ਨੋਟਿਸ ਦੇ ਰੱਦ ਕਰ ਦਿੱਤੀ ਜਾਵੇਗੀ ਅਤੇ ਦੋਸ਼ੀ ਕਰਮਚਾਰੀ/ਅਧਿਕਾਰੀ ਜਾਂ ਵਿਅਕਤੀ ਵਿਰੁੱਧ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾਵੇਗੀ।

ਇਸ ਦਫ਼ਤਰ ਵੱਲੋਂ ਹੁਕਮ ਨੰਬਰ 380/ਫਸ ਦੇ ਪਿ:ਅੰ:ਨੰ: 2337/ਫਸ-ਫਕ-2 ਮਿਤੀ 29-04-2020 ਰਾਹੀਂ ਜਾਰੀ ਹੁਕਮ ਵਾਪਿਸ ਲਏ ਜਾਂਦੇ ਹਨ।

**ਮਿਤੀ 03-05-2020**

ਕੁਮਾਰ ਸੌਰਭ ਰਾਜ, ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

ਪਿ:ਅੰ:ਨੰ: 2477 /ਫਸ-ਫਕ-2 ਮਿਤੀ 03-05-2020

ਇਸ ਦਾ ਇੱਕ ਉਤਾਰਾ :-

1. ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
2. ਐਡੀਸ਼ਨਲ ਡਿਪਟੀ ਕਮਿਸ਼ਨਰ (ਜਨ/ਵਿਕਾਸ) ਫਰੀਦਕੋਟ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
3. ਉਪ ਮੰਡਲ ਮੈਜਿਸਟਰੇਟ ਫਰੀਦਕੋਟ/ਕੋਟਕਪੂਰਾ/ਜੈਤੋ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
4. ਸਿਵਲ ਸਰਜਨ ਫਰੀਦਕੋਟ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
5. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਫਰੀਦਕੋਟ ਪਾਸ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

6) ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ ਪਾਸ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner